View the current version of this publication at https://open.alberta.ca/publications/k-6-at-home-rapid-testing-program-punjabi

Out of date

# ਕੇ-6 ਲਈ ਘਰ ਵਿੱਚ ਰੈਪਿਡ ਟੈਸਟਿੰਗ ਪ੍ਰੋਗਰਾਮ


## ਮਾਪੇ, ਵਿਦਿਆਰਥੀ ਅਤੇ ਸਕੂਲ ਸਟਾਫ ਲਈ ਜਾਣਕਾਰੀ

## ਇਹ ਪ੍ਰੋਗਰਾਮ ਕੀ ਹੈ

ਕਿੰਡਰਗਾਰਟਨ ਤੋਂ ਗ੍ਰੇਡ 6 ਐਟ-ਹੋਮ (ਘਰ ਵਿੱਚ) ਰੈਪਿਡ ਟੈਸਟਿੰਗ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਕੂਲਾਂ ਦੇ ਮਾਪੇ ਆਪਣੇ ਬੱਚਿਆਂ ਦਾ ਘਰ ਵਿੱਚ ਟੈਸਟ ਕਰਨ ਦੀ ਚੋਣ ਕਰ ਸਕਦੇ ਹਨ। ਸਟਾਫ਼ ਘਰ ਬੈਠੇ ਵੀ ਆਪਣੀ ਜਾਂਚ ਕਰ ਸਕਦਾ ਹੈ। ਜੇਕਰ ਸਕੂਲ ਕੋਵਿਡ-19 ਦੀ ਚਿਤਾਵਨੀ ਜਾਂ ਫੈਲਣ ਦੇ ਖਤਰੇ ਤੇ ਹਨ ਤਾਂ ਉਹ ਟੈਸਟ ਕਿੱਟਾਂ ਪ੍ਰਾਪਤ ਕਰਨ ਦੇ ਯੋਗ ਹੋਣਗੇ।

ਪ੍ਰੋਗਰਾਮ K-6 ਵਿਦਿਆਰਥੀਆਂ ਤੇ ਕੇਂਦ੍ਰਿਤ ਹੈ ਕਿਉਂਕਿ ਇਹ ਉਮਰ ਸਮੂਹ ਹਾਲ ਹੀ ਵਿੱਚ ਕੋਵਿਡ-19 ਵੈਕਸੀਨ ਲਈ ਯੋਗ ਹੋਇਆ ਹੈ। ਰੈਪਿਡ ਟੈਸਟ ਸਿਰਫ਼ ਉਨ੍ਹਾਂ ਲੋਕਾਂ ਲਈ ਹਨ ਜਿਨ੍ਹਾਂ ਵਿੱਚ ਕੋਵਿਡ-19 ਦੇ ਲੱਛਣ ਨਹੀਂ ਹਨ। ਜੇਕਰ ਉਨਾਂ ਦਾ ਟੈਸਟ ਪੌਜ਼ਿਟਿਵ ਹੈ ਤਾਂ ਉਹਨਾਂ ਨੂੰ ਫੈਲਾਅ ਨੂੰ ਰੋਕਣ ਲਈ ਜਲਦੀ ਅਲੱਗ ਕੀਤਾ ਜਾ ਸਕਦਾ ਹੈ।

ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਰੱਖਣ ਲਈ ਸਕੂਲਾਂ ਵਿੱਚ ਪਹਿਲਾਂ ਤੋਂ ਮੌਜੂਦ ਸਿਹਤ ਉਪਾਵਾਂ ਨਾਲ, ਰੈਪਿਡ ਸਕ੍ਰੀਨਿੰਗ ਟੈਸਟ ਇੱਕ ਹੋਰ ਸਾਧਨ ਹਨ।




## ਸ਼ਮੂਲੀਅਤ ਵਲੰਟਰੀ ਹੈ

K-6 ਐਟ-ਹੋਮ ਰੈਪਿਡ ਟੈਸਟਿੰਗ ਪ੍ਰੋਗਰਾਮ ਵਿੱਚ ਭਾਗੀਦਾਰੀ ਵਿਕਲਪਿਕ ਹੈ ਅਤੇ ਇਹ ਟੈਸਟ ਸਿਰਫ਼ ਉਨ੍ਹਾਂ ਲੋਕਾਂ ਲਈ ਹਨ ਜਿਨ੍ਹਾਂ ਵਿੱਚ ਕੋਵਿਡ-19 ਦੇ ਲੱਛਣ ਨਹੀਂ ਹਨ।

ਭਾਗ ਲੈਣ ਦੀ ਚੋਣ ਕਰਨ ਵਾਲੇ ਵਿਦਿਆਰਥੀ ਅਤੇ ਸਟਾਫ BTNX ਨਾਂ ਦੀ ਕੰਪਨੀ ਦੁਆਰਾ ਤਿਆਰ ਕੀਤੇ 10 ਰੈਪਿਡ ਟੈਸਟ (ਪੰਜ ਟੈਸਟਾਂ ਦੇ ਦੋ ਪੈਕੇਜ) ਪ੍ਰਾਪਤ ਕਰਨਗੇ। ਰੈਪਿਡ ਟੈਸਟ ਪੰਜ ਹਫ਼ਤਿਆਂ ਲਈ ਹਫ਼ਤੇ ਵਿੱਚ ਦੋ ਵਾਰ ਕੀਤੇ ਜਾਣੇ ਹਨ। ਟੈਸਟਿੰਗ ਤਿੰਨ ਤੋਂ ਚਾਰ ਦਿਨਾਂ ਦੇ ਅੰਤਰਾਲ ਤੇ ਕੀਤੇ ਜਾਣ ਦੀ ਸਿਫਾਰਸ਼ ਕੀਤੀ ਜਾਂਦੀ ਹੈ; ਉਦਾਹਰਨ ਲਈ, ਸੋਮਵਾਰ ਅਤੇ ਵੀਰਵਾਰ ਜਾਂ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ। ਵਿਦਿਆਰਥੀਆਂ ਜਾਂ ਸਟਾਫ਼ ਲਈ ਆਪਣੇ ਰੈਪਿਡ ਟੈਸਟ ਨਤੀਜਿਆਂ ਦੀ ਰਿਪੋਰਟ ਕਰਨ ਦੀ ਕੋਈ ਲੋੜ ਨਹੀਂ ਹੈ।

ਯੋਗ K- 6 ਵਿਦਿਆਰਥੀ ਜਾਂ ਸਟਾਫ਼ ਮੈਂਬਰ ਲਈ ਸਿਰਫ਼ 10 BTNX ਰੈਪਿਡ ਟੈਸਟ ਦਿੱਤੇ ਜਾਣਗੇ। ਕੋਈ ਵਾਧੂ ਕਿੱਟਾਂ ਨਹੀਂ ਦਿੱਤੀਆਂ ਜਾਣਗੀਆਂ।

ਰੈਪਿਡ ਟੈਸਟ ਨੂੰ ਉਹਨਾਂ ਵਿਅਕਤੀਆਂ ਲਈ ਸਕ੍ਰੀਨਿੰਗ ਟੂਲ ਵਜੋਂ ਵਰਤਣ ਲਈ ਤਿਆਰ ਕੀਤਾ ਗਿਆ ਹੈ ਜੋ ਲੱਛਣ ਰਹਿਤ ਹਨ। ਜੇਕਰ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਾ ਕੋਈ ਵਿਦਿਆਰਥੀ ਜਾਂ ਸਟਾਫ਼ ਮੈਂਬਰ ਪੂਰੇ ਰੈਪਿਡ ਟੈਸਟਿੰਗ ਪ੍ਰੋਗਰਾਮ ਦੌਰਾਨ ਕੋਵਿਡ-19 ਦੇ ਲੱਛਣ ਦਿਖਾਉਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਹਨਾਂ ਨੂੰ ਅਲਬਰਟਾ ਹੈਲਥ ਸਰਵਿਸਿਜ਼ (ਏਐਚਐਸ) ਅਸੈਸਮੈਂਟ ਸੈਂਟਰ ਵਿੱਚ ਪੀਸੀਆਰ ਟੈਸਟ ਬੁੱਕ ਕਰਨਾ ਚਾਹੀਦਾ ਹੈ।

ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਅਲਬਰਟਾ ਹੈਲਥ ਦੁਆਰਾ ਪ੍ਰਦਾਨ ਕੀਤੇ ਗਏ ਰੈਪਿਡ ਟੈਸਟ ਦੀ ਵਰਤੋਂ ਸਕੂਲ ਸਟਾਫ਼ ਦੁਆਰਾ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਸਮਰਥਨ ਕਰਨ ਲਈ ਨਹੀਂ ਕੀਤੀ ਜਾ ਸਕਦੀ। ਅਨਵੈਕਸੀਨੇਟਿਡ(ਬਿਨਾਂ ਟੀਕੇ ਤੋਂ) ਸਟਾਫ਼ ਮੈਂਬਰ ਜੋ ਕਿਸੇ ਪਾਬੰਦੀ ਤੋਂ ਛੋਟ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੀ ਕਿਸੇ ਸੰਸਥਾ ਵਿੱਚ ਦਾਖਲ ਹੋਣਾ ਚਾਹੁੰਦੇ ਹਨ ਤਾਂ ਉਨਾਂ ਨੂੰ ਪ੍ਰਾਈਵੇਟ ਲੈਬ ਦੁਆਰਾ ਨੈਗੇਟਿਵ ਕੋਵਿਡ-19 ਟੈਸਟ ਨਤੀਜਾ ਦਿਖਾਉਣਾ ਪਵੇਗਾ।

## ਕੌਣ ਹਿੱਸਾ ਲੈ ਸਕਦਾ ਹੈ

K-6 ਦੇ ਵਿਦਿਆਰਥੀ ਅਤੇ ਸਕੂਲ ਦਾ ਸਾਰਾ ਸਟਾਫ ਟੈਸਟ ਕਿੱਟਾਂ ਪ੍ਰਾਪਤ ਕਰਨ ਦੇ ਯੋਗ ਹਨ। ਯੋਗ ਵਿਦਿਆਰਥੀਆਂ ਦੇ ਭੈਣ-ਭਰਾ ਅਤੇ ਪਰਿਵਾਰਕ ਮੈਂਬਰ ਯੋਗ ਨਹੀਂ ਹਨ। ਸਕੂਲ ਇਹ ਨਿਰਧਾਰਤ ਕਰਨਗੇ ਕਿ ਟੈਸਟਾਂ ਨੂੰ ਘਰ ਕਿਵੇਂ ਭੇਜਣਾ ਹੈ। ਬੱਚਿਆਂ ਲਈ ਉਹਨਾਂ ਨੂੰ ਆਪਣੇ ਬੈਕਪੈਕ ਵਿੱਚ ਰੱਖਣਾ ਸੁਰੱਖਿਅਤ ਹੈ।

ਪ੍ਰੋਗਰਾਮ ਵਿੱਚ ਉਹ ਸਕੂਲ ਸ਼ਾਮਲ ਹੋ ਸਕਦੇ ਹਨ ਜੋ ਕਿੰਡਰਗਾਰਟਨ ਤੋਂ ਗ੍ਰੇਡ


©2021 Government of Alberta |

Classification: Public

View the current version of this publication at https://open.alberta.ca/publications/k-6-at-home-rapid-testing-program-punjabi

12 ਤੱਕ ਵੱਖ-ਵੱਖ ਗ੍ਰੇਡਾਂ ਵਿੱਚ ਸਿੱਖਿਆ ਪ੍ਰਦਾਨ ਕਰਦੇ ਹਨ; ਹਾਲਾਂਕਿ, ਸਿਰਫ਼ ਗ੍ਰੇਡ 6 ਅਤੇ ਇਸ ਤੋਂ ਹੇਠਾਂ ਦੇ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ।

ਗ੍ਰੇਡ 7 ਤੋਂ 12 ਦੇ ਵਿਦਿਆਰਥੀ ਪ੍ਰੋਗਰਾਮ ਲਈ ਯੋਗ ਨਹੀਂ ਹੁੰਦੇ ਕਿਉਂਕਿ ਉਹ ਕੁਝ ਸਮੇਂ ਤੋਂ ਕੋਵਿਡ-19 ਵੈਕਸੀਨ ਲਈ ਯੋਗ ਹਨ ਹਾਲਾਂਕਿ ਜੇਕਰ ਗ੍ਰੇਡ 7 ਵਿੱਚ ਕੋਈ ਵਿਦਿਆਰਥੀ 12 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਉਹ ਭਾਗ ਲੈ ਸਕਦੇ ਹਨ।

ਸਾਰਾ ਸਟਾਫ ਟੀਕਾਕਰਨ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਯੋਗ ਹਨ ਜੇਕਰ ਉਹ ਕਿਸੇ ਸਕੂਲ ਵਿੱਚ ਕੰਮ ਕਰਦੇ ਹਨ ਜੋ ਬਿਮਾਰੀ ਦੀ ਚਿਤਾਵਨੀ ਜਾਂ ਫੈਲਣ ਦੀ ਸਥਿਤੀ ਵਿੱਚ ਹੈ।

ਵੈਕਸੀਨ ਰੈਪਿਡ ਟੈਸਟ ਦੇ ਨਤੀਜਿਆਂ ਨੂੰ ਪ੍ਰਭਾਵਿਤ ਨਹੀਂ ਕਰਦੇ । ਤਾਜੇ ਵੈਕਸੀਨੇਟਿਡ ਵਿਦਿਆਰਥੀ ਅਤੇ ਸਟਾਫ਼ ਹਾਲੇ ਵੀ ਕੋਵਿਡ-19 ਦੀ ਜਾਂਚ ਲਈ ਰੈਪਿਡ ਟੈਸਟ ਦੀ ਵਰਤੋਂ ਕਰ ਸਕਦੇ ਹਨ।

## ਟੈਸਟ ਕਿੱਟ ਕਿਵੇਂ ਵਰਤਣੀ ਹੈ

ਮਾਪਿਆਂ ਅਤੇ ਸਟਾਫ ਲਈ ਟੈਸਟ ਪ੍ਰਕਿਰਿਆ ਨਾਲ ਸਬੰਧਿਤ ਵੀਡੀਓ alberta.ca/return to school. ਤੇ ਮੌਜੂਦ ਹੈ ਅਤੇ ਕੰਪਨੀ, BTNX ਤੇ ਵੀ how-to video ਵੇਖ ਸਕਦੇ ਹੋ।

ਰੈਪਿਡ ਸਕ੍ਰੀਨਿੰਗ ਟੈਸਟ ਨੱਕ ਦੇ ਫੰਬੇ ਨੂੰ ਸਿਰਫ 1.5 ਤੋਂ 2.0 ਸੈਂਟੀਮੀਟਰ ਤੱਕ ਨੱਕ ਦੇ ਅੰਦਰ ਪਾਇਆ ਜਾਂਦਾ ਹੈ ਅਤੇ ਆਮ ਤੌਰ ਤੇ ਅਲਬਰਟਾ ਹੈਲਥ ਸਰਵਿਸਿਜ਼ (ਏਐਚਐਸ) ਟੈਸਟਿੰਗ ਸੈਂਟਰ ਵਿੱਚ ਪੀਸੀਆਰ ਕੋਵਿਡ-19 ਟੈਸਟ ਲਈ ਵਰਤੇ ਜਾਣ ਵਾਲੇ ਸਵੈਬ ਨਾਲੋਂ ਵਧੇਰੇ ਆਰਾਮਦਾਇਕ, ਸੌਖਾ ਅਤੇ ਘੱਟ ਪਰੇਸ਼ਾਨੀ ਵਾਲਾ ਹੁੰਦਾ ਹੈ।

ਜੇਕਰ ਤੁਸੀਂ ਐਟ-ਹੋਮ ਰੈਪਿਡ ਟੈਸਟ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਯੋਗ ਹੋ ਤਾਂ ਤੁਹਾਨੂੰ (ਜਾਂ ਤੁਹਾਡੇ ਬੱਚੇ ਨੂੰ) ਦੋ ਟੈਸਟ ਕਿੱਟ ਪੈਕੇਜ ਪ੍ਰਾਪਤ ਹੋਣਗੇ (ਕੁੱਲ ਮਿਲਾ ਕੇ 10 ਟੈਸਟ)।

ਹਰੇਕ ਟੈਸਟ ਕਿੱਟ ਨਾਲ ਆਉਂਦੀ ਹੈ:

- ਇੱਕ ਸਾਫ ਫੰਬਾ(ਸਵੈਬ) ਜੋ ਕਿ ਕਿਊ-ਟਿਪ ਵਰਗਾ ਦਿਖਾਈ ਦਿੰਦਾ ਹੈ;

- ਇੱਕ ਟਿਊਬ ਅਤੇ ਇੱਕ ਸਟੈਂਡ;

- ਇੱਕ ਫਿਲਟਰ ਨਾਲ ਇੱਕ ਨੋਜ਼ਲ;

- ਅਤੇ ਇੱਕ ਪਲਾਸਟਿਕ ਦਾ ਕੰਟੇਨਰ ਜਿਸ ਵਿੱਚ ਥੋੜ੍ਹੀ ਮਾਤਰਾ ਵਿੱਚ ਤਰਲ ਹੋਵੇ।

ਇੱਕ ਟੈਸਟ ਨੂੰ ਪੂਰਾ ਹੋਣ ਵਿੱਚ ਲਗਭਗ 20 ਮਿੰਟ ਲੱਗਣਗੇ।


### ਟੈਸਟ ਕਰਨ ਵੇਲੇ ਜ਼ਰੂਰੀ ਕਦਮ

1. ਟੈਸਟ ਕਰਨ ਤੋਂ ਪਹਿਲਾਂ ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਧੋਵੋ। ਟੈਸਟ ਕੀਤੇ ਜਾਣ ਵਾਲੇ ਵਿਅਕਤੀ ਨੂੰ ਆਪਣੇ ਨੱਕ ਨੂੰ ਟਿਸ਼ੂ ਨਾਲ ਚੰਗੀ ਤਰਾਂ ਸਾਫ ਕਰਨਾ ਚਾਹੀਦਾ ਹੈ।
2. ਕਿੱਟ ਵਿੱਚੋਂ ਸਾਰੀ ਟੈਸਟ ਸਮੱਗਰੀ ਨੂੰ ਕੱਢੋ। ਟੈਸਟਿੰਗ ਤਰਲ(ਲਿਕੁਇਡ) ਨੂੰ ਟੈਸਟ ਟਿਊਬ ਵਿੱਚ ਪਾ ਦਿਓ।
3. ਸਾਫ ਫੰਬੇ ਨੂੰ ਪੈਕੇਜ ਤੋਂ ਧਿਆਨ ਨਾਲ ਬਾਹਰ ਕੱਢੋ। ਇਹ ਕਿਸੇ ਚੀਜ਼ ਨੂੰ ਨਾਂ ਛੂਹੇ।
4. ਨੱਕ ਦੇ ਅੰਦਰ 1.5 ਤੋਂ 2.0 ਸੈਂਟੀਮੀਟਰ ਤੱਕ ਫੰਬਾ ਪਾਓ। ਘੱਟੋ-ਘੱਟ ਪੰਜ ਸਕਿੰਟਾਂ ਲਈ ਇੱਕ ਚੱਕਰ ਵਿੱਚ ਫੰਬੇ ਨੂੰ ਹਿਲਾਓ। ਫਿਰ ਨੱਕ ਨੂੰ ਫੰਬੇ ਤੇ ਦਬਾਓ ਅਤੇ ਪੰਜ ਸਕਿੰਟ ਹੋਰ ਨੋਕ ਨੂੰ ਘੁਮਾਓ।
5. ਉਸੇ ਫੰਬੇ ਦੀ ਵਰਤੋਂ ਕਰਦੇ ਹੋਏ ਦੂਜੇ ਨੱਕ ਵਿੱਚ ਵੀ ਉਸੇ ਤਰਾਂ ਕਰੋ।
6. ਅੱਗੇ ਟੈਸਟਿੰਗ ਤਰਲ ਨਾਲ ਟੈਸਟ ਟਿਊਬ ਵਿੱਚ ਸਵੈਬ ਪਾਓ। ਇਹ ਸੁਨਿਸ਼ਚਿਤ ਕਰੋ ਕਿ ਫੰਬੇ ਦੀ ਨੋਕ ਪੂਰੀ ਤਰ੍ਹਾਂ ਤਰਲ ਨਾਲ ਢੱਕੀ ਹੋਈ ਹੈ।
7. ਦੋ ਮਿੰਟਾਂ ਲਈ ਇੱਕ ਟਾਈਮਰ ਸੈੱਟ ਕਰੋ ਤਾਂ ਜੋ ਫੰਬੇ ਦੀ ਸਮੱਗਰੀ ਨੂੰ ਟੈਸਟ ਦੇ ਤਰਲ ਨਾਲ ਮਿਲਾਇਆ ਜਾ ਸਕੇ।
8. ਜਦੋਂ ਦੋ ਮਿੰਟ ਹੋ ਜਾਣ ਤਾਂ ਟਿਊਬ ਨੂੰ ਦਬਾ ਕੇ ਫੰਬੇ ਵਿੱਚੋਂ ਜਿੰਨਾ ਸੰਭਵ ਹੋ ਸਕੇ ਤਰਲ ਨੂੰ ਨਿਚੋੜੋ।
9. ਫੰਬੇ ਨੂੰ ਕੂੜੇ ਵਿੱਚ ਸੁੱਟ ਦਿਓ।
10. ਫਿਲਟਰ ਨੋਜ਼ਲ ਨਾਲ ਟਿਊਬ ਬੰਦ ਕਰੋ।
11. ਟਿਊਬ ਨੂੰ ਮੋੜੋ ਅਤੇ ਘੋਲ ਦੀਆਂ ਤਿੰਨ ਬੂੰਦਾਂ ਨੂੰ ਟੈਸਟ ਡਿਵਾਈਸ ਤੇ 'S' ਚਿੰਨ੍ਹਿਤ ਥਾਂ ਤੇ ਨਿਚੋੜੋ।
12. 15 ਮਿੰਟ ਲਈ ਨਵਾਂ ਟਾਈਮਰ ਸੈੱਟ ਕਰੋ। 15 ਮਿੰਟ ਬਾਅਦ ਆਪਣੇ ਟੈਸਟ ਦੇ ਨਤੀਜਿਆਂ ਦੀ ਜਾਂਚ ਕਰੋ।

ਟੈਸਟ ਪੂਰਾ ਹੋਣ ਤੇ ਟੈਸਟ ਕਿੱਟ ਨੂੰ ਸੁੱਟ ਦਿਓ।

## ਨਤੀਜੇ

### BTNX ਰੈਪਿਡ ਟੈਸਟ ਦੀਆਂ ਉਦਾਹਰਣਾਂ




### ਨੈਗੇਟਿਵ ਨਤੀਜੇ

ਨੈਗੇਟਿਵ ਟੈਸਟ ਇਸ ਗੱਲ ਦੀ ਗਰੰਟੀ ਨਹੀਂ ਦਿੰਦਾ ਹੈ ਕਿ ਕਿਸੇ ਨੂੰ ਕੋਵਿਡ-19 ਨਹੀਂ ਹੈ ਜਾਂ ਬਾਅਦ ਵਿੱਚ ਸੰਕਰਮਿਤ ਨਹੀਂ ਹੋਵੇਗਾ। ਪਰੰਤੂ ਨੈਗੇਟਿਵ ਟੈਸਟ ਪਰਿਵਾਰ ਨੂੰ ਮਨ ਦੀ ਸ਼ਾਂਤੀ ਦੇਵੇਗਾ ਕਿ ਉਹਨਾਂ ਦਾ ਬੱਚਾ ਸਕੂਲ ਜਾ ਸਕਦਾ ਹੈ।

Out of date


©2021 Government of Alberta |

Classification: Public

ਕਿਉਂਕਿ ਤੁਸੀਂ ਹਫ਼ਤੇ ਵਿੱਚ ਦੋ ਵਾਰ ਟੈਸਟ ਲੈ ਰਹੇ ਹੋ (ਟੈਸਟਾਂ ਦੇ ਵਿਚਕਾਰ ਤਿੰਨ ਦਿਨਾਂ ਦਾ ਫ਼ਾਸਲਾ ਰੱਖਦੇ ਹੋਏ) ਗਲਤ ਨੈਗੇਟਿਵ ਟੈਸਟ ਦੀ ਸੰਭਾਵਨਾ ਘੱਟ ਹੈ।

ਜਨਤਕ ਸਿਹਤ ਦੇ ਸਾਰੇ ਉਪਾਵਾਂ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ: ਸਰੀਰਕ ਦੂਰੀ, ਮਾਸਕ ਪਹਿਨਣਾ, ਸਮੂਹਾਂ ਵਿੱਚ ਰਹਿਣਾ ਅਤੇ ਨਿਯਮਿਤ ਤੌਰ ਤੇ ਹੱਥ ਧੋਣੇ।

### ਪੌਜ਼ਿਟਿਵ ਨਤੀਜੇ

ਜੇਕਰ ਰੈਪਿਡ ਟੈਸਟ ਨਤੀਜਾ ਪੌਜਿਟਿਵ ਹੁੰਦਾ ਹੈ ਤਾਂ ਵਿਦਿਆਰਥੀ ਜਾਂ ਸਟਾਫ਼ ਮੈਂਬਰ ਟੈਸਟ ਦੇ ਮੁਕੰਮਲ ਹੋਣ ਦੀ ਮਿਤੀ ਤੋਂ 10 ਦਿਨਾਂ ਲਈ ਘਰ ਵਿੱਚ ਸੁਰੱਖਿਅਤ ਅਲੱਗ-ਥਲੱਗ ਰਹਿਣਗੇ ਜਦੋਂ ਤੱਕ ਕਿ ਉਹ AHS ਤੋਂ ਲੈਬ AHS testing site ਰਾਹੀਂ ਨੈਗੇਟਿਵ ਟੈਸਟ ਨਤੀਜਾ ਨਹੀਂ ਲੈ ਲੈਂਦੇ।

ਪੌਜ਼ਿਟਿਵ ਰੈਪਿਡ ਟੈਸਟ ਨਤੀਜਾ ਇਹ ਪੁਸ਼ਟੀ ਨਹੀਂ ਕਰ ਸਕਦਾ ਕਿ ਕਿਸੇ ਨੂੰ ਕੋਵਿਡ-19 ਹੈ। AHS ਟੈਸਟਿੰਗ ਸਾਈਟ ਤੇ ਕੇਵਲ ਲੈਬ ਦੁਆਰਾ ਕੋਵਿਡ-19 ਟੈਸਟ ਹੀ ਇਸਦੀ ਪੁਸ਼ਟੀ ਕਰ ਸਕਦਾ ਹੈ।

ਪੌਜ਼ਿਟਿਵ ਰੈਪਿਡ ਸਕ੍ਰੀਨਿੰਗ ਟੈਸਟ ਦੇ ਨਤੀਜੇ ਵਾਲੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜਲਦੀ ਤੋਂ ਜਲਦੀ www.ahs.ca/covid ਤੇ ਕੋਵਿਡ 19 ਟੈਸਟ ਲਈ ਅਪੁਆਇੰਟਮੈਂਟ ਬੁੱਕ ਕਰਨੀ ਚਾਹੀਦੀ ਹੈ ਜਾਂ ਹੈਲਥ ਲਿੰਕ ਨੂੰ 811 ਤੇ ਕਾਲ ਕਰੋ।

ਤੁਹਾਨੂੰ ਰੈਪਿਡ ਟੈਸਟਾਂ ਦੇ ਨਤੀਜਿਆਂ ਦੀ ਸਕੂਲ ਜਾਂ AHS ਨੂੰ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

### ਜੇ ਟੈਸਟ ਵਿੱਚ ਕੋਈ ਗਲਤੀ ਹੁੰਦੀ ਹੈ

ਜੇਕਰ ਟੈਸਟ ਵਿੱਚ ਕੁਝ ਗਲਤ ਹੈ ਤਾਂ ਤੁਹਾਨੂੰ ਕੋਈ ਲਾਈਨ ਨਹੀਂ ਦਿਖਾਈ ਦੇਵੇਗੀ - ਜਾਂ ਤੁਸੀਂ 'T' ਦੇ ਅੱਗੇ ਇੱਕ ਲਾਈਨ ਦੇਖ ਸਕਦੇ ਹੋ।

ਜੇ ਅਜਿਹਾ ਹੁੰਦਾ ਹੈ ਤਾਂ ਤੁਸੀਂ ਇਸ ਟੈਸਟ ਕਿੱਟ ਨੂੰ ਸੁੱਟ ਕੇ ਅਤੇ ਦੁਬਾਰਾ ਟੈਸਟ ਸ਼ੁਰੂ ਕਰ ਸਕਦੇ ਹੋ। ਤੁਸੀਂ ਸਕੂਲ ਕੋਲ ਵਾਧੂ ਟੈਸਟ ਕਿੱਟਾਂ ਹੋਣ ਦੀ ਸਥਿਤੀ ਵਿੱਚ ਨਵੀਆਂ ਟੈਸਟ ਕਿੱਟਾਂ ਲੈ ਸਕਦੇ ਹੋ।

## ਜੇ ਪਿਛਲੇ ਕਿਸੇ ਸਮੇ ਕੋਈ ਵਿਦਿਆਰਥੀ ਅਤੇ ਸਟਾਫ਼ ਮੈਂਬਰ ਕੋਵਿਡ ਪੌਜ਼ਿਟਿਵ ਰਹੇ ਹਨ

ਜੇਕਰ ਕੋਈ ਵਿਅਕਤੀ ਪਿਛਲੇ 90 ਦਿਨਾਂ ਵਿੱਚ ਕੋਵਿਡ-19 ਪੌਜ਼ਿਟਿਵ ਰਿਹਾ ਹੈ ਤਾਂ ਉਸਦਾ ਰੈਪਿਡ ਸਕ੍ਰੀਨਿੰਗ ਟੈਸਟ ਨਹੀਂ ਹੋਣਾ ਚਾਹੀਦਾ। ਕੁਝ ਲੋਕ ਜੋ ਕੋਵਿਡ-19 ਤੋਂ ਠੀਕ ਹੋ ਗਏ ਹਨ ਤਾਂ 90 ਦਿਨਾਂ ਤੱਕ ਉਨਾਂ ਦਾ ਰੈਪਿਡ ਸਕ੍ਰੀਨਿੰਗ ਟੈਸਟ ਪੌਜ਼ਿਟਿਵ ਆ ਸਕਦਾ ਹੈ ਭਾਵੇਂ ਉਨਾਂ ਵਿੱਚ ਹੁਣ ਵਾਇਰਸ ਨਹੀਂ ਹੈ।

## ਕੋਵਿਡ-19 ਅਤੇ ਵੇਰੀਐਂਟਸ(ਬਦਲੇ ਰੂਪ)

ਸਿਰਫ਼ ਪੀਸੀਆਰ ਟੈਸਟ ਹੀ ਪੁਸ਼ਟੀ ਕਰ ਸਕਦੇ ਹਨ ਕਿ ਕੀ ਕਿਸੇ ਵਿਅਕਤੀ ਨੂੰ ਕੋਵਿਡ 19 ਹੈ ਅਤੇ ਕੀ ਇਹ ਚਿੰਤਾਜਨਕ ਰੂਪ ਹੈ। AHS ਮੁਲਾਂਕਣ ਕੇਂਦਰ ਵਿੱਚ ਕੀਤੇ ਗਏ ਟੈਸਟ ਹੀ ਇਸਦੀ ਪੁਸ਼ਟੀ ਹਨ।

## ਰੈਪਿਡ ਟੈਸਟ ਕਿੰਨੇ ਸਹੀ ਹਨ?

ਰੈਪਿਡ ਸਕ੍ਰੀਨਿੰਗ ਟੈਸਟ ਏਐਚਐਸ ਮੁਲਾਂਕਣ ਕੇਂਦਰ ਦੁਆਰਾ ਕੀਤੇ ਗਏ ਲੈਬ ਟੈਸਟਾਂ ਜਿੰਨਾ ਸਹੀ ਨਹੀਂ ਹਨ।

ਕਿਸੇ ਵੀ ਬਿਨਾਂ ਲੱਛਣਾਂ ਵਾਲੇ ਵਿਅਕਤੀ ਦੇ ਰੈਪਿਡ ਟੈਸਟ ਤੋਂ ਗਲਤ ਪੌਜ਼ਿਟਿਵ ਨਤੀਜਾ ਆਉਣ ਦੀ ਸੰਭਾਵਨਾ ਘੱਟ ਹੈ।

ਹਾਲਾਂਕਿ ਰੈਪਿਡ ਸਕ੍ਰੀਨਿੰਗ ਟੈਸਟ ਦੇ ਸਾਰੇ ਪੌਜ਼ਿਟਿਵ ਨਤੀਜਿਆਂ ਦੀ AHS ਲੈਬ ਟੈਸਟ ਦੁਆਰਾ ਪੁਸ਼ਟੀ ਕੀਤੇ ਜਾਣ ਦੀ ਲੋੜ ਹੈ। ਜੇਕਰ ਤੁਹਾਡਾ ਜਾਂ ਤੁਹਾਡੇ ਬੱਚੇ ਦਾ ਟੈਸਟ ਪੌਜ਼ਿਟਿਵ ਹੈ ਤਾਂ ਤੁਹਾਨੂੰ AHS ਮੁਲਾਂਕਣ ਕੇਂਦਰ ਵਿੱਚ ਜਾਣ ਦੀ ਲੋੜ ਪਵੇਗੀ।

ਬਿਨਾਂ ਲੱਛਣਾਂ ਵਾਲੇ ਕਿਸੇ ਵਿਅਕਤੀ ਦਾ ਗਲਤ ਨੈਗੇਟਿਵ ਨਤੀਜਾ ਆਉਣ ਦੀ ਸੰਭਾਵਨਾ ਵੱਧ ਹੁੰਦੀ ਹੈ। ਰੈਪਿਡ ਸਕ੍ਰੀਨਿੰਗ ਟੈਸਟ ਦੇ ਨੈਗੇਟਿਵ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਵਿਅਕਤੀ ਸੰਕਰਮਿਤ ਨਹੀਂ ਹੈ ਜਾਂ ਅੱਗੋਂ ਫੈਲਾਅ ਨਹੀਂ ਸਕਦਾ।

ਜਦੋਂ ਬਿਨਾਂ ਲੱਛਣਾਂ ਵਾਲੇ ਲੋਕਾਂ ਵਿੱਚ ਰੈਪਿਡ ਕੋਵਿਡ-19 ਟੈਸਟ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਇੱਕ ਸਕ੍ਰੀਨਿੰਗ ਟੈਸਟ ਹੁੰਦਾ ਹੈ ਨਾ ਕਿ ਡਾਇਗਨੋਸਟਿਕ(ਪੱਕਾ) ਟੈਸਟ। ਤੇਜ਼ੀ ਨਾਲ ਜਾਂਚ ਕਰਨ ਵਾਲੇ ਵਿਅਕਤੀਆਂ ਦੀ ਸਕ੍ਰੀਨਿੰਗ ਕੁਝ ਪਰ ਸਾਰੇ ਨਹੀਂ, ਛੂਤ ਵਾਲੇ ਵਿਅਕਤੀਆਂ ਦੀ ਪਛਾਣ ਕਰ ਸਕਦੀ ਹੈ ਅਤੇ ਨਤੀਜੇ ਵਜੋਂ ਰੈਪਿਡ ਸਕ੍ਰੀਨਿੰਗ ਜਨਤਕ ਸਿਹਤ ਦੇ ਉਪਾਵਾਂ ਜਿਵੇਂ ਕਿ ਸਰੀਰਕ ਦੂਰੀ, ਮਾਸਕਿੰਗ, ਹੱਥਾਂ ਦੀ ਸਫਾਈ, ਘਰ ਰਹਿਣਾ ਅਤੇ ਬਿਮਾਰ ਹੋਣ ਤੇ ਟੈਸਟ ਤੱਕ ਪਹੁੰਚ ਅਤੇ ਕੋਵਿਡ ਕੇਸਾਂ ਦੀ ਲਾਜ਼ਮੀ ਇਕਾਂਤਵਾਸ ਨੂੰ ਨਹੀਂ ਬਦਲਦੀ।

## ਜੇ ਤੁਹਾਡੇ ਹੋਰ ਪ੍ਰਸ਼ਨ ਹਨ

ਜੇ ਤੁਹਾਡੇ ਸਕੂਲ ਰੈਪਿਡ ਟੈਸਟਿੰਗ ਪ੍ਰੋਗਰਾਮ ਨਾਲ ਸਬੰਧਿਤ ਹੋਰ ਪ੍ਰਸ਼ਨ ਹਨ ਤਾਂ ਇੱਥੇ EDC.SchoolRapidTesting@gov.ab.ca. ਈਮੇਲ ਕਰੋ।

ਕੋਵਿਡ-19 ਸਬੰਧੀ ਤਾਜਾ ਜਾਣਕਾਰੀ ਲਈ www.alberta.ca/Covid19. ਤੇ ਜਾਓ।

ਜੇ ਤੁਹਾਡੇ ਟੈਸਟ ਨਤੀਜੇ ਜਾਂ ਸਿਹਤ ਨਾਲ ਸਬੰਧਿਤ ਕੋਈ ਪ੍ਰਸ਼ਨ ਹਨ ਤਾਂ ਹੈਲਥ ਲਿੰਕ 811 ਤੇ ਕਾਲ ਕਰੋ।

View the current version of this publication at https://open.alberta.ca/publications/k-6-at-home-rapid-testing-program-punjabi

Out of date


©2021 Government of Alberta |

Classification: Public